ਸਭ ਹਕ ਪ੍ਰਕਾਸ਼ਕ ਦੇ ਅਧੀਨ ਹਨ ॥

ਸਿੱਖ ਨੈਸ਼ਨਲ ਏਜੰਸੀ ਵਲੋਂ ਪ੍ਰਕਾਸ਼ਤ ਪੁਸਤਕ ਨੰਃ ੧੧੯

ਨਵਾਂ ਤੇ ਸੁਵਾਦਲਾ ਨਾਵਲ

ਅਨਾਰਕਲੀ

ਲੇਖਕਃ—"ਐਡੀਟਰ" ਮਸਤਾਨਾਂ ਅੰਮ੍ਰਿਤਸਰ

ਪ੍ਰਕਾਸ਼ਕਃ—ਭਾਈ ਬੂਟਾ ਸਿੰਘ ਪ੍ਰਤਾਪ ਸਿੰਘ
ਪੁਸਤਕਾਂਵਾਲੇ ਬਜ਼ਾਰ ਮਾਈਸੇਵਾਂ ਅੰਮਰਤਸਰ [ਮੁਲ ।)

ਸ਼ਾਹਜਹਾਂ ਬਾਦਸ਼ਾਹ ਦੇ ਸਮੇਂ ਦੀ ਸੱਚੀ ਵਾਰਤਾ

ਅਨਾਰਕਲੀ

ਬਹੁਤ ਸਾਰੇ ਪਾਠਕਾਂ ਨੇ ਲਾਹੌਰ ਦੇ ਮਸ਼ਹੂਰ ਬਜ਼ਾਰ ਅਨਾਰਕਲੀ ਦਾ ਨਾਮ ਸੁਨਿਆ ਹੋਵੇਗਾ ਇਸ ਬਜ਼ਾਰ ਵਿਚ ਇਸ ਹੁਸਨ ਦੀ ਦੇਵੀ ਦਾ ਮਕਬਰਾ ਹੈ ਉਸੇ ਦੀ ਯਾਦਗਾਰ ਵਿਚ ਇਹ ਬਾਜ਼ਾਰ ਮਸ਼ਹੂਰ ਹੈ।

ਅਨਾਰਕਲੀ ਦਾ ਅਸਲੀ ਨਾਮ "ਨਾਦਰਾ" ਸੀ, 'ਨਾਦਰਾ ਦਾ ਪਿਤਾ ਈਰਾਨ ਦਾ ਇਕ ਅਮੀਰ ਸੀ ਉਸ ਦੇ ਮਰਨ ਪਿਛੋਂ ਇਹ ਅਪਨੀ ਮਾਂ ਨੂੰ ਨਾਲ ਲੈਕੇ ਹਿੰਦੁਸਤਾਨ ਵਲ ਤੁਰ ਪਈ ਪਰ ਰਸਤੇ ਵਿਚ ਡਾਕੂਆਂ ਨੇ ਸਭ ਕੁਝ ਲੁਟਪੁਟ ਲੀਤਾ ਅੰਤ ਵਿਚਾਰੀਆਂ ਦੁਖ ਤਕਲੀਫਾਂ ਝਲਦੀਆਂ ਹੋਈਆਂ ਆਗਰੇ ਆ ਪਹੁੰਚੀਆਂ, ਓਨੀਂ ਦਿਨੀਂ ਬਾਦਸ਼ਾਹ ਸ਼ਾਹਜਹਾਂ ਆਗਰੇ ਵਾਸ ਕਰਦਾ ਸੀ । ਰਾਤ ਦੇ ਵੇਲੇ ਦੋਵੇਂ 'ਦਰਗਾਹ' ਦੇ ਬੂਹੇ ਤੇ ਪਹੁੰਚੀਆਂ ਅਰ ਦਰਗਾਹ ਦੀਆਂ ਪੌੜੀਆਂ ਤੇ ਹੀ ਰਾਤ ਬਤੀਤ ਕਰਨ ਲਈ ਠੈਹਰੀਆਂ। ਇਸ ਦੀ ਮਾਂ ਕਈ ਦਿਨਾਂ ਤੋਂ ਬੀਮਾਰ ਸੀ ਅਚਨ ਚੇਤ ਰਾਤ ਨੂੰ ਚਲਾਨਾ ਕਰ ਗਈ । ਦਿਨੇ ਜਦ ਨਾਦਰਾ ਦੀ ਅੱਖ

ਖੁਲ੍ਹੀ ਤਾਂ ਮਾਂ ਨੂੰ ਜਗਾਉਣ ਲਗੀ ਪਰ ਓਹ ਜਗਾਇਆ ਨਹੀਂ ਜਾਗੀ।

ਸਵੇਰ ਦੀ ਸੈਰ ਕਰਦਿਆਂ ਹੋਇਆਂ ਕੁਝ ਸਪਾਹੀਆਂ ਨਾਲ ਸ਼ਾਹਜ਼ਾਦਾ ਸਲੀਮ (ਜਿਸ ਦਾ ਨਾਮ ਪਿਛੋਂ ਬਾਦਸ਼ਾਹ ਜਹਾਂਗੀਰ ਮਸ਼ਹੂਰ ਹੋਇਆ) ਉਹਨਾਂ ਲੰਘਿਆ ਓਹ ਨਾਦਰਾ ਦੇ ਹੁਸਨ ਨੂੰ ਦੇਖਕੇ ਖੜੋ ਗਿਆ ਅਰ ਕੋਲ ਜਾਕੇ ਹਾਲ ਚਾਲ ਪੁਛਿਆ ਉਸ ਵੇਲੇ ਵਿਚਾਰੀ ਨਾਦਰਾ ਨੂੰ ਪਤਾ ਲਗਾ ਕਿ ਉਸ ਦੀ ਮਾਂ ਸਦਾ ਲਈ ਉਸ ਤੋਂ ਵਿਛੜ ਗਈ ਹੈ ਸ਼ਾਹਜ਼ਾਦਾ ਦੇ ਹੁਕਮ ਅਨੁਸਾਰ ਉਸ ਦੀ ਲੋਥ ਕਬਰਸਤਾਨ ਵਿਚ ਦਬਵਾ ਦਿਤੀ ਗਈ।

ਜਦ ਇਹ ਗਲਾਂ ਹੋ ਰਹੀਆਂ ਸਨ ਤਾਂ ਦਰਗਾਹ ਦਾ ਬੁਢਾ ਮੋਲਾਨਾ ਕਿਸੇ ਕੰਮ ਲਈ ਹੇਠਾਂ ਉਤਰਿਆ ਸੀ ਉਸ ਬੁਢੇ ਨੇ ਉਸ ਨੂੰ ਬਹੁਤ ਧੀਰਜ ਦਿਤੀ ਅਰ ਦੋ ਚਾਰ ਦਿਨ ਕੋਲ ਰਖਿਆ ਇਕ ਬਾਦਸ਼ਾਹੀ ਬਾਗ ਦਾ ਮਾਲੀ ਉਸ ਬੁਢੇ ਨੂੰ ਮਿਲਿਆ ਤਾਂ ਉਸ ਨੇ ਨਾਦਰਾ ਨੂੰ ਉਸ ਦੇ ਸਪੁਰਦ ਕਰ ਦਿਤਾ ਕਿ ਇਹ ਮੇਰੀ ਧੀ ਆਵਤ ਹੈ ਤੂੰ ਮੇਰਾ ਮੁਰੀਦ ਹੈਂ ਇਸ ਦੀ ਭੈਣਾਂ ਵਤ ਪਾਲਨਾ ਕਰੀਂ, ਓਹ ਓਸ ਵਿਚਾਰੀ ਨੂੰ ਆਪਨੇ ਘਰ ਲੈ ਗਿਆ।

(੨)

ਸ਼ਾਹਜ਼ਾਦਾ ਸਲੀਮ (ਜਹਾਂਗੀਰ) ਬਾਦਸ਼ਾਹ ਅਕਬਰ ਦਾ ਪੁਤਰ ਸੀ ਇਸ ਦੀ ਸ਼ਾਦੀ ਇਕ ਹਿੰਦੂ ਰਾਜਪੂਤ ਇਸਤ੍ਰੀ ਨਾਲ ਹੋਈ ਸੀ ਉਸਦਾ ਨਾਮ ਬੇਗਮ ਅਮਰ ਕੁਮਾਰੀ ਸੀ, ਜੋ ਨੇਕ ਅਰ ਪਤੀ ਬ੍ਰਤਾ ਸੀ, ਇਸ ਸ਼ਾਹਜ਼ਾਦੇ ਦਾ ਗੁਪਤ ਪ੍ਰੇਮ

'ਮੇਹਰਇਨਸ਼ਾ' ਨਾਮ ਦੀ ਇਕ ਮੈਹਲ ਦੀ ਲੌਂਡੀ ਨਾਲ ਸੀ ਇਹ 'ਮੇਹਰਇਨਸ਼ਾ' ਇਕ ਈਰਾਨੀ ਅਮੀਰ ਦੀ ਗੈਜਾਸੂਦੀਨ ਦੀ ਧੀ ਸੀ ਜੋ ਕਿਸਮਤ ਦੇ ਚਕਰ ਵਿਚ ਫੌਂਦਾ ਹੋਇਆ ਅਕਬਰ ਦੇ ਦਰਬਾਰ ਵਿਚ ਆਕੇ ਇਕ ਦਰਬਾਰੀ ਬਨਿਆ ਸੀ ਜਿਨ੍ਹਾਂ ਦਿਨਾਂ ਵਿਚ ਇਸ 'ਮੇਹਰਇਨਸ਼ਾ' ਨਾਲ ਸ਼ਾਹਜ਼ਾਦੇ ਦੀਆਂ ਲਗ ਰਹੀਆਂ ਸਨ ਓਨੀਂ ਦਿਨੀਂ ਹੀ ਨਾਦਰਾ ਸ਼ਾਹੀ ਬਾਗ ਦੇ ਮਾਲੀ 'ਖਾਨ ਉਮਰ' ਦੇ ਘਰ ਆਕੇ ਰਹੀ ਸੀ।

ਖਾਨ ਉਮਰ ਦੀ ਇਸਤ੍ਰੀ 'ਸੂਫੀਆ' ਦਾ ਵੀ ਸ਼ਾਹੀ ਮੈਹਲਾਂ ਵਿਚ ਫਲ ਮੇਵੇ ਲੈ ਜਾਨ ਕਰਕੇ ਬਹੁਤ ਮੇਲ ਜੋਲ ਸੀ ਜਦ ਦੀ 'ਨਾਦਰਾ' ਇਸ ਦੇ ਘਰ ਆਈ ਸੂਫੀਆ ਉਸਨੂੰ ਬਹੁਤ ਤੰਗ ਕਰਨ ਲਗ ਪਈ ਕਿਉਂਕਿ ਸੂਫੀਆਂ ਦਾ ਸੁਭਾ ਬਹੁਤ ਕੌੜਾ ਸੀ ਅਰ ਉਹ ਆਪਨੇ ਆਪ ਨੂੰ ਬਹੁਤ ਸ਼ੌਕੀਨ ਬਨਾਈ ਰਖਦੀ ਸੀ ਉਸ ਭਲੇ ਲੋਕ ਨੇ ਸੂਫੀਆ ਦੀ ਤੰਗੀਆਂ ਦੇਖਕੇ ਨਾਦਰਾ ਦੀ ਡਿਯੂਟੀ ਮੈਹਲ ਵਿਚ ਫਲ ਮੇਵੇ ਦੇ ਆਉਨ ਦੀ ਲਗਾ ਦਿਤੀ।

ਕਈ ਦਿਨਾਂ ਤਕ ਨਾਦਰਾ ਇਸੇ ਤਰ੍ਹਾਂ ਕੰਮ ਕਰਦੀ ਰਹੀ ਇਕ ਦਿਨ ਜਦ ਉਹ ਮੈਹਲ ਵਿਚ ਜਾ ਰਹੀ ਸੀ ਤਾਂ ਸ਼ਾਹਜ਼ਾਦਾ ਸਲੀਮ (ਜਹਾਂਗੀਰ) ਨੂੰ ਜਾਂਦੇ ਦੇਖਿਆ ਸ਼ਾਹਜ਼ਾਦੇ ਨੂੰ ਦੇਖਕੇ ਨਾਦਿਰਾ ਇਕ ਥੰਮ ਦੇ ਓਹਲੇ ਹੋਕੇ ਖੜੋ ਗਈ ਜਾਂਦੇ ਜਾਂਦੇ ਸ਼ਾਹਜ਼ਾਦੇ ਦੇ ਗਲ ਦੀ ਜੰਜੀਰ ਡਿਗ ਪਈ ਸ਼ਾਹਜ਼ਾਦੇ ਦੇ ਚਲੇ ਜਾਨਦੇ ਪਿਛੋਂ ਨਾਦਰਾ ਥੰਮ ਦੇ ਪਿਛੋਂ ਨਿਕਲੀ ਅਰ ਅਗੇ ਨੂੰ ਤੁਰ ਪਈ ਉਸ ਦੀ ਨਿਗਾਹ ਫਰਸ਼

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.